# ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ ਪੱਤਰ - ਮਾਰਚ 2020
ਜਮਾਤ : ਤੀਸਰੀ
ਵਿਸ਼ਾ : ਗਣਿਤ

ਵਿਦਿਆਰਥੀ ਦਾ ਨਾਂ............ ਰੋਲ ਨੰ...........

ਜਮਾਤ-............. ਮਿਤੀ.............

ਸਮਾਂ : 3 ਘੰਟੇ ਕੁੱਲ ਅੰਕ : 80

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।**

**ਪ੍ਰਸ਼ਨ 1 ਤੋਂ 16 ਤੱਕ ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ:**

**(16 x 1 = 16)**

**1.** ਅਵਨੀਤ ਦੇ ਘਰ ਦਾ ਨੰਬਰ ਅੱਠ ਸੌਂ ਉਣਾਹਠ ਹੈ। ਤਰੁਣ ਨੂੰ ਅਵਨੀਤ ਦਾ ਘਰ ਲੱਭਣ ਵਿੱਚ ਮਦਦ ਕਰੋ।

ੳ) 

ਅ) 

ੲ) 

ਸ) 


**2.** 815,851,581,518 ਨੂੰ ਵੱਧਦੇ ਕ੍ਰਮ ਵਿੱਚ ਲਿਖਦੇ ਹੋਏ ਸਭ ਤੋਂ ਪਹਿਲਾਂ ਕਿਹੜੀ ਸੰਖਿਆ ਆਵੇਗੀ ?

ੳ) 581 ਅ) 518 ੲ) 851 ਸ) 815

**3.** ਤਿੰਨ ਅੰਕੀ ਸੰਖਿਆ ਬਣਾਓ ਜਿਸਦਾ ਦਹਾਈ ਦਾ ਅੰਕ 6 ਹੋਵੇ, ਇਕਾਈ ਦਾ ਅੰਕ 7 ਤੋਂ 2 ਵੱਧ ਹੋਵੇ, ਅਤੇ ਸੌ ਦੇ ਸਥਾਨ ਦਾ ਅੰਕ 4 ਅਤੇ 6 ਦੇ ਵਿੱਚਕਾਰ ਹੋਵੇ।

ੳ) 426 ਅ) 965 ੲ) 746 ਸ) 569

**4.** ਕ੍ਰਿਕਟ ਦੀ ਖੇਡ ਵਿੱਚ ਪਰਨੀਤ 96 'ਤੇ ਖੇਡ ਰਿਹਾ ਹੈ ਅਤੇ ਕੇਵਲ ਇੱਕ ਗੇਂਦ ਖੇਡਣੀ ਬਾਕੀ ਰਹਿ ਗਈ ਹੈ। ਇੱਕ ਗੇਂਦ ਵਿੱਚ ਉਸਨੂੰ ਹੋਰ ਕਿੰਨੇ ਸਕੋਰ ਚਾਹੀਦੇ ਹਨ ਕਿ ਉਸਦਾ ਸੈਂਕੜਾ ਹੋ ਜਾਵੇ?

ੳ) 6 ਅ) 4 ੲ) 7 ਸ) 5

M3

**5.** 10 ਰੁਪਏ ਦੇ ਦਸ ਨੋਟਾਂ ਦੇ ਬਰਾਬਰ ਕਿਹੜੀ ਸੰਖਿਆ ਬਣੇਗੀ?

ੳ) 10 ਅ) 50 ੲ) 100 ਸ) 1000

6. ਇੱਥੇ ਟ੍ਰੇਅ ਵਿੱਚ 15 ਲੱਡੂ ਹਨ। ਅਸੀਂ 5 ਲੱਡੂ ਇੱਕ ਡੱਬੇ ਵਿੱਚ ਪਾ ਸਕਦੇ ਹਾਂ ਤਾਂ ਸਾਰੇ ਲੱਡੂਆਂ ਨੂੰ ਡੱਬਿਆਂ ਵਿੱਚ ਪਾਉਣ ਲਈ ਕਿੰਨੇ ਡੱਬਿਆਂ ਦੀ ਜ਼ਰੂਰਤ ਪਵੇਗੀ?



ੳ) 

ਅ) 

ੲ) 

ਸ) 

7.  ਰੁਪਏ= ____ ਪੈਸੇ

ੳ) 100 ਅ) 200

ੲ) 400 ਸ) 500

8. ਇਸ ਆਕ੍ਰਿਤੀ ਦਾ ਨਾਂ ਦੱਸੋ।



(ੳ) ਘਣ (ਅ) ਘਣਾਵ ੲ) ਸ਼ੰਕੂ (ਸ) ਸਿਲੰਡਰ

9. ਦਿਖਾਏ ਚਿੱਤਰ ਵਿੱਚ DC ਇੱਕ __________ ਹੈ।




(ੳ) ਕਿਰਨ (ਅ) ਰੇਖਾ

(ੲ) ਬਿੰਦੂ (ਸ) ਰੇਖਾਖੰਡ

10. ਨਮੂਨਾ ਪੂਰਾ ਕਰੋ :



ੳ) 

ਅ) 

ੲ) 

ਸ) 

11. ਨਮਨ ਨੂੰ ਆਪਣੇ ਖਾਸ ਨਾਂ 'ਤੇ ਮਾਣ ਹੈ। ਉਹ ਕਹਿੰਦਾ ਹੈ ਕਿ ਜੇ ਉਸਦੇ ਨਾਂ ਨੂੰ ਪੁੱਠਾ ਪੜ੍ਹਿਆ ਜਾਵੇ ਤਾਂ ਇਹ ਉਸ ਤਰ੍ਹਾਂ ਦਾ ਹੀ ਰਹੇਗਾ। ਹੇਠਾਂ ਦਿੱਤੇ ਗਏ ਨਾਵਾਂ ਵਿੱਚ ਇਸ ਤਰ੍ਹਾਂ ਦਾ ਨਮੂਨਾ ਲੱਭੋ:

ਹਰਸ਼ ਦਕਸ਼ ਅਮਰ ਕਨਕ ਅਮਨ

ੳ) ਹਰਸ਼ ਅ) ਦਕਸ਼

ੲ) ਅਮਰ ਸ) ਕਨਕ

M5

12. ਹੇਠ ਲਿਖਿਆਂ ਵਿਚੋਂ ਕਿਸ ਨੂੰ ਲਿਟਰ ਵਿੱਚ ਮਾਪਿਆ ਜਾਂਦਾ ਹੈ?

ੳ) ਲੱਕੜ　　ਅ) ਪੈਟਰੋਲ

ੲ) ਕੱਪੜਾ　　ਸ) ਕਿਤਾਬ

13. ਹੇਠ ਲਿਖਿਆਂ ਵਿਚੋਂ ਕੌਣ ਤੱਕੜੀ ਦੀ ਵਰਤੋਂ ਕਰਦਾ ਹੈ?

ੳ) ਅਧਿਆਪਕ　　ਅ) ਸਬਜ਼ੀ ਵਾਲਾ

ੲ) ਨਾਈ　　ਸ) ਧੋਬੀ

14. ਹੇਠ ਲਿਖਿਆਂ ਵਿਚੋਂ ਕਿਹੜਾ ਸਮੇਂ ਦੀ ਇਕਾਈ ਨਹੀਂ ਹੈ?

ੳ) ਸੈਕਿੰਡ　　ਅ) ਘੰਟਾ

ੲ) ਮਿੰਟ　　ਸ) ਗ੍ਰਾਮ

ਜੂਨ ਮਹੀਨੇ ਦੌਰਾਨ ਗਰਮੀ ਦੀਆਂ ਛੁੱਟੀਆਂ ਵਿੱਚ ਵੱਖ ਵੱਖ ਸਥਾਨਾਂ 'ਤੇ ਜਾਣ ਵਾਲੇ ਬੱਚਿਆਂ ਦੀ ਸੂਚਨਾ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ। ਸਾਰਣੀ ਨੂੰ ਪੜ੍ਹਨ ਤੋਂ ਬਾਅਦ ਹੇਠ ਲਿਖੇ (15-16) ਪ੍ਰਸ਼ਨਾਂ ਦੇ ਉੱਤਰ ਦਿਓ।

| ਦੇਖਣ ਯੋਗ ਸਥਾਨ ਦਾ ਨਾਂ | ਜਾਣ ਵਾਲ਼ੇ ਬੱਚਿਆਂ ਦੀ ਗਿਣਤੀ |
|---|---|
| ਛੱਤਬੀੜ | 7 |
| ਤਾਜ ਮਹਿਲ | 15 |
| ਸ੍ਰੀ ਹਰਿਮੰਦਰ ਸਾਹਿਬ | 8 |
| ਭਾਖੜਾ ਡੈਮ | 5 |
| ਸਾਇੰਸ ਸਿਟੀ | 5 |

15. ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ?

ੳ) 40　　ਅ) 15

ੲ) 8　　ਸ) 7

16. ਭਾਖੜਾ ਡੈਮ ਨਾਲੋਂ ਛੱਤਬੀੜ ਜਾਣ ਵਾਲੇ ਬੱਚਿਆਂ ਦੀ ਗਿਣਤੀ ........... ਹੈ।

ੳ) ਘੱਟ　　ਅ) ਵੱਧ　　ੲ) ਬਰਾਬਰ　　ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 17 ਤੋਂ 24 ਤੱਕ ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।** **(8 x 2 = 16)**

17. ਅਵਨੀਤ ਕੋਲ ਤਿੰਨ ਖਿਡੌਣਾ ਕਾਰਾਂ ਹਨ । ਇੱਕ ਕਾਰ ਦੇ 4 ਪਹੀਏ ਹਨ । ਸਾਰੀਆਂ ਕਾਰਾਂ ਦੇ ਕਿੰਨੇ ਪਹੀਏ ਹੋਣਗੇ ?



18. ਪਤਾ ਕਰੋ :




19. 5 ਨਾਲ ਭਾਗ ਕਰੋ ਅਤੇ ਸਾਰਣੀ ਪੂਰੀ ਕਰੋ।

| | |
|---|---|
| 5 ÷ 5 | 1 |
| 10 | |
| 15 | |
| 20 | |
| 25 | |

20. ਤੁਹਾਡੇ ਕੋਲ 5 ਰੁਪਏ ਹਨ। ਹੇਠਾਂ ਦਿੱਤੀਆਂ ਚੀਜ਼ਾ ਵਿੱਚੋਂ ਤੁਸੀਂ ਕਿਹੜੀਆਂ ਦੋ ਵਸਤੂਆਂ ਖਰੀਦ ਸਕਦੇ ਹੋ?

| ਵਸਤੂਆਂ | ਕੀਮਤ |
|---|---|
| ਪੈਨਸਿਲ | 3 ਰੁਪਏ |
| ਬਾਲਪੈਨ | 5 ਰੁਪਏ |
| ਪੇਪਰਕਲਿਪ | 4 ਰੁਪਏ |
| ਰਬੜ | 1 ਰੁਪਏ |

M7

21. ਦਿੱਤੀ ਆਕ੍ਰਿਤੀ ਵਿੱਚ ਤਿਕੋਣਾਂ ਦੀ ਗਿਣਤੀ ਦੱਸੋ:-



ਤਿਕੋਣਾਂ ਦੀ ਗਿਣਤੀ = ☐

22. ਇਸ ਆਕ੍ਰਿਤੀ ਵਿੱਚ ਕਿੰਨੇ ਹੋਰ ਵਰਗ ਬਣਾਉਣ ਤੇ ਇਹ ਆਇਤ ਬਣ ਜਾਏਗਾ?



ਵਰਗਾਂ ਦੀ ਗਿਣਤੀ = ☐

23.

| ਬੱਚੇ ਦਾ ਨਾਂ | ਜਨਮ ਮਿਤੀ |
|---|---|
| ਕਰਮਜੀਤ ਸਿੰਘ | 12-2-2015 |
| ਬਲਵੀਰ ਸਿੰਘ | 15-5-2016 |
| ਭੁਪਿੰਦਰ ਸਿੰਘ | 20-1-2014 |
| ਬਲਵਿੰਦਰ ਕੌਰ | 19-2-2014 |
| ਬੇਅੰਤ ਕੌਰ | 31-3-2013 |
| ਬਲਵੰਤ ਸਿੰਘ | 30-9-2010 |
| ਰੋਹਿਤ | 31-12-2009 |

ਸਾਰਣੀ ਨੂੰ ਦੇਖੋ ਅਤੇ ਦੱਸੋ :

(i) ਭੁਪਿੰਦਰ ਸਿੰਘ ਦਾ ਜਨਮ ਕਿਹੜੇ ਮਹੀਨੇ ਦੀ ਕਿਸ ਮਿਤੀ ਨੂੰ ਹੋਇਆ?

24. ਮਿਲਾਨ ਚਿੰਨ੍ਹ 卌 | | ਰਾਹੀਂ ਕਿਹੜੀ ਸੰਖਿਆ ਦਰਸਾਈ ਜਾ ਰਹੀ ਹੈ?

M8

**ਪ੍ਰਸ਼ਨ 25 ਤੋਂ 36 ਤੱਕ ਹਰੇਕ ਪ੍ਰਸ਼ਨ ਦੇ 4 ਅੰਕ ਹੋਣਗੇ।** **(12 x 4 = 48)**

**25. ਖਾਲੀ ਥਾਵਾਂ ਭਰੋ :**

(i) 3 ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ ਤੋਂ ਬਿਲਕੁੱਲ ਬਾਅਦ ____________ ਸੰਖਿਆ ਆਉਂਦੀ ਹੈ।

(ii) 268,____________ ,270

(iii) 1 ਹਜ਼ਾਰ = ____________ਦਹਾਈਆਂ

(iv) 200 + 10 + 4 = ______

**26. ਸਹੀ ਕਥਨ ਅੱਗੇ (✓) ਦਾ ਨਿਸ਼ਾਨ ਅਤੇ ਗਲਤ ਕਥਨ ਅੱਗੇ (×) ਦਾ ਨਿਸ਼ਾਨ ਲਗਾਓ।**

(i) ਤਰਲ ਵਸਤੂਆਂ ਨੂੰ ਕਿਲੋਗ੍ਰਾਮ ਵਿੱਚ ਮਾਪਿਆ ਜਾਂਦਾ ਹੈ। ( )

(ii) ਤੱਕੜੀ ਦਾ ਭਾਰੀ ਵਸਤੂ ਵਾਲਾ ਪਲੜਾ ਉੱਪਰ ਵੱਲ ਹੋਵੇਗਾ। ( )

(iii) ਚੰਡੀਗੜ੍ਹ ਤੋਂ ਫ਼ਤਹਿਗੜ੍ਹ ਸਾਹਿਬ ਦੀ ਦੂਰੀ ਕਿਲੋਮੀਟਰ ਵਿੱਚ ਮਾਪੀ ਜਾਵੇਗੀ। ( )

(iv) ਕੱਪੜਾ ਮਾਪਣ ਲਈ ਦੁਕਾਨਦਾਰ ਮੀਟਰ ਰਾਡ ਦੀ ਵਰਤੋਂ ਕਰਦਾ ਹੈ। ( )

27. ਕਰੰਸੀ ਨੋਟ ਗਿਣੋ, ਬਣੀ ਸੰਖਿਆ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ। ( )



ਅੰਕਾਂ ਵਿੱਚ

ਸ਼ਬਦਾਂ ਵਿੱਚ

M9

28. (i) ਇੱਕ ਸੰਖਿਆ ਨੂੰ ਤੋੜ ਕੇ ਜੋੜ ਕਰੋ: -

63+ 46

(ii) ਸੁਖਦੇਵ ਦਾ ਸਕੂਲ ਉਸਦੇ ਘਰ ਤੋਂ 824 ਕਦਮਾਂ ਦੀ ਦੂਰੀ ਤੇ ਹੈ। ਉਸ ਨੇ 379 ਕਦਮ ਤੁਰ ਲਏ। ਸਕੂਲ ਤੱਕ ਪਹੁੰਚਣ ਲਈ ਉਸਨੂੰ ਕਿੰਨੇ ਕਦਮ ਹੋਰ ਤੁਰਨਾ ਪਵੇਗਾ?

29. ਇੱਕ ਪੈਕੇਟ ਵਿੱਚ 25 ਬਿਸਕੁੱਟ ਹਨ। ਅਜਿਹੇ 13 ਪੈਕਟਾਂ ਵਿੱਚ ਕਿੰਨੇ ਬਿਸਕੁੱਟ ਹੋਣਗੇ?

ਹੱਲ →

| × | 20 | 5 |
|---|---|---|
| 10 | | |
| 3 | | |

30 ਜਮਾਤ ਵਿੱਚ 20 ਬੱਚੇ ਹਨ। ਚਾਰ ਕਤਾਰਾਂ ਵਿੱਚ ਬਰਾਬਰ-ਬਰਾਬਰ ਬੈਠੇ ਹਨ। ਦੱਸੋ ਇੱਕ ਕਤਾਰ ਵਿੱਚ ਕਿੰਨੇ ਬੱਚੇ ਬੈਠੇ ਹਨ?

M/10

31.

| ਮਿਤੀ | | ਬਿਲ | |
|---|---|---|---|
| ਲੜੀ ਨੰ: | ਸਮੱਗਰੀ | ਮਾਤਰਾ | ਮੁੱਲ |
| 1. | ਜੂਸ | 1 | 30/- |
| 2. | ਚਾਹ | 2 | 10/- |
| 3. | ਕੁਲਚਾ | 1 | 25/- |

ਸੀਰਤ ਆਪਣੇ ਪਰਿਵਾਰ ਨਾਲ ਰੈਸਟੋਰੈਂਟ ਵਿੱਚ ਗਈ। ਉਹਨਾਂ ਨੇ 1 ਜੂਸ ਦਾ ਗਿਲਾਸ, 2 ਚਾਹ ਦੇ ਕੱਪ ਅਤੇ 1 ਕੁਲਚੇ ਦਾ ਆਰਡਰ ਕੀਤਾ। ਸੀਰਤ ਦੇ ਪਿਤਾ ਜੀ ਨੂੰ ਸਾਰੇ ਸਮਾਨ ਲਈ ਕਿੰਨੇ ਪੈਸੇ ਦੇਣੇ ਪੈਣਗੇ?

32. ਕੈਲੰਡਰ ਦੇਖ ਕੇ ਉੱਤਰ ਦੱਸੋ: -

| 2019 ਜੁਲਾਈ | | | | | | |
|---|---|---|---|---|---|---|
| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| | | | | | | |
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

(ੳ) 6 ਜੁਲਾਈ ਨੂੰ ਕਿਹੜਾ ਦਿਨ ਹੈ?

(ਅ) 20 ਜੁਲਾਈ ਤੋਂ 5 ਦਿਨ ਪਹਿਲਾਂ ਕਿਹੜਾ ਦਿਨ ਸੀ?

(ੲ) ਤੁਹਾਡਾ ਸਕੂਲ ਜੂਨ ਦੀਆਂ ਛੁੱਟੀਆਂ ਤੋਂ ਉਪਰੰਤ ਜੁਲਾਈ ਮਹੀਨੇ ਦੀ ਕਿਹੜੀ ਮਿਤੀ ਨੂੰ ਖੁੱਲ੍ਹਿਆ ਅਤੇ ਇਸ ਮਿਤੀ ਨੂੰ ਕਿਹੜਾ ਦਿਨ ਸੀ?

M11

33. ਚਿੱਤਰ ਗ੍ਰਾਫ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

| ਕਾਰਟੂਨ ਦਾ ਨਾਂ | ਵਿਦਿਆਰਥੀਆਂ ਦੀ ਗਿਣਤੀ |
|---|---|
| ਛੋਟਾ ਭੀਮ |  |
| ਮੋਟੂ ਪਤਲੂ |  |
| ਟੋਮ ਐਂਡ ਜੈਰੀ |  |
| ਡੋਰੇਮੋਨ |  |
| ਡੋਰਾ |  |
| ਕ੍ਰਿਸ਼ਨਾ |  |

1) ਬੱਚਿਆਂ ਨੂੰ ਕਿਹੜਾ ਕਾਰਟੂਨ ਸਭ ਤੋਂ ਘੱਟ ਪਸੰਦ ਹੈ? --------------

2) ਕਿਹੜੇ ਦੋ ਕਾਰਟੂਨ ਬਰਾਬਰ ਬੱਚਿਆਂ ਦੁਆਰਾ ਪਸੰਦ ਕੀਤੇ ਜਾਂਦੇ ਹਨ -------------

34. ਹੇਠਾਂ ਦਿੱਤੇ ਗਏ ਮਾਪਕਾਂ ਵਿੱਚ ਦਿੱਤੀ ਗਈ ਮਾਤਰਾ ਅਨੁਸਾਰ ਰੰਗ ਭਰੋ?



M12

35. ਤਸਵੀਰ ਦੇਖੋ ਤੇ ਲਿਖੋ: -



ਭੁਜਾਵਾਂ = ☐ ਕੋਨੇ = ☐



ਭੁਜਾਵਾਂ = ☐ ਕੋਨੇ = ☐

36. ਨਮੂਨਿਆਂ ਨੂੰ ਸਮਝਦੇ ਹੋਏ ਨਮੂਨੇ ਪੂਰੇ ਕਰੋ: -

1) 51 ⟶ 53 ⟶ 55 ⟶ 57 ⟶ .......... ⟶ ..........

2) 90 ⟶ 88 ⟶ 86 ⟶ 84 ⟶ .......... ⟶ ..........

3) 61 ⟶ 64 ⟶ 67 ⟶ 70 ⟶ .......... ⟶ ..........